ਨੰਬਰ 1449-50 /1 ਐਲ.ਜੇ

ਮਿਤੀ 9/7 /07/2015

4568
10/7/15

ਸੇਵਾ ਵਿਖੇ

ਪ੍ਰਬੰਧਕ ਅਫਸਰ,
ਜਲੰਧਰ ਡਿਵੈਲਪਮੈਂਟਅਥਾਰਟੀ,
ਐਸ.ਸੀ.ਓ 41, ਪੁੱਡਾ ਕੰਪਲੈਕਸ,
ਸਾਹਮਣੇ ਤਹਿਸੀਲ ਕੰਪਲੈਕਸ ,
ਲਾਡੋਵਾਲੀ ਰੋਡ, ਜਲੰਧਰ।

ਵਿਸ਼ਾ :- ਪਾਪੜਾ ਐਕਟ , 1995 ਦੇ ਤਹਿਤ ਗਰੁੱਪ ਹਾਊਸਿੰਗ/ ਰਿਹਾਇਸ਼ੀ ਪ੍ਰੋਜੈਕਟ , ਪਿੰਡ ਫੋਲੜੀਵਾਲ, ਤਹਿਸੀਲ ਤੇ ਜ਼ਿਲ੍ਹਾਂ ਜਲੰਧਰ ਦਾ ਲਾਇਸੈਂਸ ਜਾਰੀ ਕਰਨ ਬਾਰੇ (ਰਕਬਾ 6.525 ਏਕੜ)।

ਉਪਰੋਕਤ ਵਿਸ਼ੇਂ ਸਬੰਧੀ ਇਸ ਹਲਕੇ ਅਧੀਨ ਪੈਂਦੇ ਕਾਰਜਕਾਰੀ ਇੰਜੀਨੀਅਰ, ਜਲੰਧਰ ਜਲ ਨਿਕਾਸ ਮੰਡਲ, ਜਲੰਧਰ ਨੇ ਆਪਣੇ ਦਫਤਰ ਦੇ ਪੱਤਰ ਨੰ: 599-600/1 ਐਲ ਮਿਤੀ 08 -07-2015 ਰਾਹੀਂ ਇਤਰਾਜਹੀਣਤਾ ਸਰਟੀਫਿਕੇਟ ਜਾਰੀ ਕਰਨ ਲਈ ਹੇਠ ਲਿਖੀਆਂ ਸ਼ਰਤਾ ਨੂੰ ਮੁੱਖ ਰੱਖਦੇ ਹੋਏ ਪ੍ਰਾਰਥੀ ਨੂੰ ਵਿਸੇ ਸਬੰਧੀ ਇਤਰਾਜਹੀਣਤਾ ਸਰਟੀਫਿਕੇਟ ਹੇਠ ਲਿਖੀਆਂ ਸ਼ਰਤਾ ਤੇ ਜਾਰੀ ਕੀਤਾ ਜਾਂਦਾ ਹੈ:-

1) ਕਿ ਫੋਲੜੀਵਾਲ ਵਿਖੇ ਰਿਹਾਇਸ਼ੀ ਕਲੋਨੀ ਬਣਾਉਂਦੇ ਸਮੇਂ ਨਾਲ ਲੱਗਦੀ ਸਿਟੀ ਆਉਟਫਾਲ ਡਰੇਨ ਵਿੱਚ ਰਿਹਾਇਸੀ ਕੋਠੀਆ ਦਾ ਟਰੀਟਡ ਜ਼ਾ ਅਨਟਰੀਟਡ ਪਾਣੀ ਨਾ ਸੁੱਟਿਆ ਜਾਵੇ ਤਾਂ ਜ਼ੋ ਡਰੇਨ ਵਿੱਚ ਚੱਲ ਰਹੇ ਬਰਸਾਤੀ ਪਾਣੀ ਜਾਂ ਪਾਣੀ ਦੇ ਕੁਦਰਤੀ ਵਹਾਅ ਵਿੱਚ ਕਿਸੇ ਵੀ ਤਰ੍ਹਾਂ ਦੀ ਕੋਈ ਰੁਕਾਵਟ ਪੈਦਾ ਨਾ ਹੋਵੇ ਅਤੇ ਨਾ ਹੀ ਕੁਦਰਤੀ ਵਾਤਾਵਰਣ ਪ੍ਰਭਾਵਿਤ ਹੋਵੇ।
2) ਕਿ ਇਹ ਰਿਹਾਇਸੀ ਕਲੋਨੀ ਦਾ ਟਰੀਟਡ ਜਾਂ ਅਨਟਰੀਟਡ ਪਾਣੀ ਨਾਲ ਲੱਗਦੇ ਜਿਮੀਂਦਾਰਾਂ ਦੀ ਵਾਹੀਯੋਗ ਜਮੀਨ ਦੀ ਸਿੰਚਾਈ ਵਾਸਤੇ ਵਰਤਿਆ ਜਾਵੇ ਜਾਂ ਤਜਵੀਜ ਰਿਹਾਇਸੀ ਕਲੋਨੀ ਅਧੀਨ ਪੈਂਦੇ ਗਰੀਨ ਬੈਲਟ ਵਿੱਚ ਪਲਾਨਟੇਸ਼ਨ ਵਾਸਤੇ ਵਰਤਿਆ ਜਾਵੇ।
3) ਕਿ ਰਿਹਾਇਸੀ ਕਲੋਨੀ ਦੀ ਉਸਾਰੀ ਕਰਦੇ ਸਮੇਂ ਸਰਕਾਰ ਦੀ ਕਿਸੇ ਵੀ ਪ੍ਰਕਾਰ ਦੀ ਪ੍ਰਾਪਰਟੀ , ਫਸਲ ਹਿਊਮਨ ਲਾਈਫ ਆਦਿ ਦਾ ਨੁਕਸਾਨ ਹੁੰਦਾ ਹੈ ਤਾਂ ਉਸ ਦੀ ਨਿਰੋਲ ਜੁਮੇਵਾਰੀ ਪ੍ਰੋਜੈਕਟ ਮਾਲਿਕ ਦੀ ਹੋਵੇਗੀ ।

ਨਿਗਰਾਨ ਇੰਜੀਨੀਅਰ,
ਜਲੰਧਰ ਜਲ ਨਿਕਾਸ ਹਲਕਾ,
ਜਲੰਧਰ।

ਸੀ.ਸੀ:- ਕਾਰਜਕਾਰੀ ਇੰਜੀਨੀਅਰ, ਜਲੰਧਰ ਜਲ ਨਿਕਾਸ ਮੰਡਲ, ਜਲੰਧਰ ਨੂੰ ਉਹਨਾ ਦੇ ਦਫਤਰ ਦੇ ਪੱਤਰ ਨੰ: 599-600/1 ਐਲ ਮਿਤੀ 08-07-2015 ਦੇ ਸਬੰਧ ਵਿੱਚ ਸੂਚਨਾਂ ਹਿੱਤ ਹੈ।